ਕਿਰਤ ਵਿਭਾਗ, ਪੰਜਾਬ
ਦਫਤਰ ਕਿਰਤ ਕਮਿਸ਼ਨਰ, ਪੰਜਾਬ,
ਐਸ.ਸੀ.ਓ ਨੰ: 47-48, ਸੈਕਟਰ 17-ਈ, ਚੰਡੀਗੜ੍ਹ

23

ਸੇਵਾ ਵਿਖੇ

ਰਾਜ ਦੇ ਸਾਰੇ

(1) ਸਹਾਇਕ ਕਿਰਤ ਕਮਿਸ਼ਨਰ
(2) ਕਿਰਤ ਤੇ ਸੁਲਾਹ ਅਫਸਰ

ਨੰ:
ਮਿਤੀ.

1886-1923
28-01-15

ਵਿਸ਼ਾ: ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ (ਆਰ.ਈ.ਸੀ.ਐਸ) ਐਕਟ, 1996 ਦੀ ਪਾਲਣਾ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਭਾਰਤ ਸਰਕਾਰ, ਕਿਰਤ ਮੰਤਰਾਲਯ, ਨਵੀਂ ਦਿੱਲੀ ਵੱਲੋਂ ਅਪਣੇ ਪੱਤਰ ਨੰ: U-23013/02/2014-BL ਮਿਤੀ 16.10.2014 ਰਾਹੀਂ ਬਿਲਡਿੰਗ ਐਂਡ ਅਦਰ ਕੰਸਟ੍ਰਸ਼ਨ ਵਰਕਰਜ਼ ਐਕਟ, 1996 ਦੀ ਧਾਰਾ 60 ਅਧੀਨ ਹੇਠ ਲਿਖੇ ਅਨੁਸਾਰ ਨਿਰਦੇਸ਼ ਦਿੱਤੇ ਗਏ ਹਨ:

(1) Notice should be issued by State Governments to private employers/Builders undertaking the work costing more than Rs. 5 crore directing them to get all Workers engaged by then registered with the State Building and Other Construction Workers Welfare Board and to ensure that no Worker who has not been registered with the Board should be engaged in the construction Work.

(2) Dedicated teams should be constituted by the State Governments to monitor obligation of the employer such as providing drinking Water, latrine and urinals, temporary living accommodation, creches, first-aid facilities and canteen ect. as stipulated in sections 32,33,34,35,36 and 37 of BOCW (RECS) Act at the worksite/Workplace.

ਕਿਉਂਜੋ ਪੰਜਾਬ ਸਰਕਾਰ ਵੱਲੋਂ ਅਧਿਸੂਚਨਾ ਨੰ: ਐਸ.ਓ./14/ਸੀ.ਏ.27/96/ਐਸ.6/98, ਮਿਤੀ 28.5.1998 ਰਾਹੀਂ ਆਪਨੂੰ ਐਕਟ ਦੀ ਧਾਰਾ 6 ਅਧੀਨ ਬਤੌਰ 'ਰਜਿਸਟਰਿੰਗ ਅਫਸਰ' ਨਿਯੁਕਤ ਕੀਤਾ ਹੋਇਆ ਹੈ, ਇਸ ਲਈ ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵੱਲੋਂ ਉਕਤ ਲੜੀ ਨੰ: 1 ਤੇ ਦਿੱਤੇ ਨਿਰਦੇਸ਼ਾਂ ਅਨੁਸਾਰ ਅਪਣੇ-ਅਪਣੇ ਹਲਕੇ ਵਿੱਚ ਆਉਂਣ ਵਾਲੇ ਅਜਿਹੇ ਸਾਰੇ ਪ੍ਰਾਈਵੇਟ ਐਂਪਲਾਇਰਜ/ ਬਿਲਡਰਾਂ ਜਿਨ੍ਹਾਂ ਦੇ ਕੰਮ ਦੀ ਲਾਗਤ 5 ਕਰੋੜ ਤੋਂ ਵੱਧ ਹੈ, ਨੂੰ ਨੋਟਿਸ ਜਾਰੀ ਕੀਤਾ ਜਾਵੇ ਕਿ ਉਹ ਕੰਮ ਤੇ ਲਗਾਏ ਸਾਰੇ ਕਿਰਤੀਆਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਰਜਿਸਟਰ ਕਰਾਉਂਣ ਅਤੇ ਇਹ ਯਕੀਨੀ ਬਣਾਉਂਣ ਕਿ ਕੋਈ ਵੀ ਕਿਰਤੀ ਜੋ ਬੋਰਡ ਪਾਸ ਰਜਿਸਟਰਡ ਨਹੀਂ ਹੈ, ਉਸਾਰੀ ਦੇ ਕੰਮ ਤੇ ਨਹੀਂ ਲਗਾਇਆ ਜਾਵੇਗਾ।

ਇਸ ਤੋਂ ਇਲਾਵਾ ਕਿਉਂਜੋ ਸਰਕਾਰ ਵੱਲੋਂ ਅਧਿਸੂਚਨਾ ਨੰ: ਐਸ.ਓ.16/ਸੀ.ਏ 27/96 ਐਸ.42/98, ਮਿਤੀ 28.05.98 ਰਾਹੀਂ ਆਪਨੂੰ ਐਕਟ ਦੀ ਧਾਰਾ 42 ਅਧੀਨ ਇੰਸਪੈਕਟਰ ਘੋਸ਼ਿਤ ਕੀਤਾ ਹੋਇਆ ਹੈ, ਇਸ ਲਈ ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵੱਲੋਂ ਉਕਤ ਲੜੀ ਨੰ: 2 ਤੇ ਦਿੱਤੇ ਆਦੇਸ਼ਾਂ ਅਨੁਸਾਰ ਅਪਣੇ-ਅਪਣੇ ਹਲਕੇ ਵਿੱਚ ਅਪਣੇ ਅਧੀਨ ਕਿਰਤ ਇੰਸਪੈਕਟਰਾਂ ਦੀ ਟੀਮ ਬਣਾਕੇ ਮਾਨੀਟਰ ਕੀਤਾ ਜਾਵੇ ਕਿ ਐਂਪਲਾਇਰ ਵੱਲੋਂ ਵਰਕ ਸਾਈਟ/ਵਰਕ ਸਥਾਨ ਤੇ ਐਕਟ ਦੀ ਧਾਰਾ 32,33,34,35,36 ਅਤੇ 37 ਵਿੱਚ ਦਰਜ਼ ਉਪਬੰਧਾਂ ਅਨੁਸਾਰ ਪੀਣ ਦੇ ਪਾਣੀ, ਟੱਟੀ-ਪਿਸ਼ਾਬ, ਆਰਜ਼ੀ ਰਿਹਾਇਸ਼ ਦੀ ਥਾਂ, ਕਰੈਚ, ਫਸਟ-ਏਡ ਅਤੇ ਕੈਂਟੀਨ ਆਦਿ ਦੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ।

ਭਾਰਤ ਸਰਕਾਰ **ਵੱਲੋਂ ਜਾਰੀ ਉਪਰੋਕਤ** ਨਿਰਦੇਸ਼ਾਂ ਦੀ ਇੰਨ-ਬਿਨ ਪਾਲਣਾ ਕਰਾਉਣਾ ਯਕੀਨੀ ਬਣਾਇਆ ਜਾਵੇ ਅਤੇ ਕੀਤੀ ਕਾਰਵਾਈ ਬਾਰੇ **ਮਾਸਿਕ** ਰਿਪੋਟ ਬਾਕੀ ਰਿਪੋਟਾਂ ਦੇ ਨਾਲ ਸਦਰ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ।

ਕਿਰਤ ਕਮਿਸ਼ਨਰ, ਪੰਜਾਬ
23.1.15

ਪਿੱਠ ਅੰਕਣ ਨੰ:
ਮਿਤੀ:

ਇਸ ਦਾ ਇੱਕ ਉਤਾਰਾ ਰਾਜ ਦੇ ਸਾਰੇ ਕਿਰਤ ਇੰਸਪੈਕਟਰਾਂ ਗ੍ਰੇਡ-1/2 ਨੂੰ ਸੂਚਨਾ ਹਿੱਤ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ, ਕਿਰਤ ਮੰਤਰਾਲਿਅ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਾਉਣਾ ਲਈ ਅਪਣੇ ਸਬੰਧਤ ਅਧਿਕਾਰੀ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਕਿਰਤ ਕਮਿਸ਼ਨਰ, ਪੰਜਾਬ
23.1.15